LLR Care Record

# ਤੁਹਾਡੀ ਦੇਖਭਾਲ ਵਿੱਚ ਸੁਧਾਰ ਕਰਨ ਵਾਸਤੇ ਮਿਲ ਕੇ ਕੰਮ ਕਰਨਾ



ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ

Leicester City Council

Leicestershire County Council

Rutland County Council

NHS

ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਕਿਾਰਡ ਤੁਹਾਡੀ ਦੇਖਭਾਲ ਵੱਿਚ ਸੱਿਧੇ ਤੌਰ 'ਤੇ ਸ਼ਾਮਲ ਕਲੀਨਕਿਲ ਅਤੇ ਦੇਖਭਾਲ ਸਟਾਫ਼ ਨੂੰ ਤੁਹਾਡੇ ਬਾਰੇ ਸਭ ਤੋ ਤਾਜ਼ਾ ਜਾਣਕਾਰੀ ਤੱਕ ਪਹੁੰਚ ਪ੍ਰਦਾਨ ਕਰਦਾ ਹੈ।

ਇਹ ਤੁਹਾਡੀ ਸਹਿਤ ਅਤੇ ਦੇਖਭਾਲ ਦੇ ਰਕਿਾਰਡਾਂ ਤੋ ਢੁਕਵੀ ਜਾਣਕਾਰੀ ਨੂੰ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਵੱਿਚ ਸਹਿਤ ਅਤੇ ਸਮਾਜਕ ਦੇਖਭਾਲ ਸੇਵਾਵਾਂ ਵਚਿਕਾਰ ਸਾਂਝੀ ਕਰਕੇ ਅਜਹਿਾ ਕਰਦਾ ਹੈ।



## ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਕਿਾਰਡ ਨੂੰ ਕੱਿਥੇ ਵਰਤਆਿ ਜਾਵੇਗਾ:

GP ਪ੍ਰੈਕਟਸਿਾਂ / ਕਮਉਿਨਟਿੀ ਸਹਿਤ-ਸੰਭਾਲ ਸੇਵਾਵਾਂ / NHS ਹਸਪਤਾਲ / ਸਮਾਜਕਿ ਦੇਖਭਾਲ ਸੇਵਾਵਾਂ / ਮਾਨਸਕਿ ਸਹਿਤ ਸੇਵਾਵਾਂ / ਹੋਸਪਸਿ

## ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਕਿਾਰਡ ਦੇ ਕੀ ਫਾਇਦੇ ਹਨ?

- ਜੁੜੀ ਹੋਈ ਅਤੇ ਸੁਰੱਖਅਿਤ ਦੇਖਭਾਲ
- ਤੁਹਾਡੀ ਦੇਖਭਾਲ 'ਤੇ ਲਗਾਉਣ ਲਈ ਵਧੇਰੇ ਸਮਾਂ
- ਘੱਟ ਕਾਗਜ਼ੀ ਕਾਰਵਾਈ
- ਤੁਹਾਡੀ ਜਾਣਕਾਰੀ ਇੱਕ ਥਾਂ 'ਤੇ
- ਤੁਹਾਨੂੰ ਵੱਖ-ਵੱਖ ਕਲੀਨਕਿਲ ਅਤੇ ਦੇਖਭਾਲ ਸਟਾਫ਼ ਨੂੰ ਵੇਰਵੇ ਦੁਹਰਾਉਣ ਦੀ ਲੋੜ ਨਹੀ ਹੈ।

## ਦ੍ਰਿਸ਼ 1

### ਤਾਂ ਫੇਰ ਇਹ ਕਿਵੇਂ ਕੰਮ ਕਰਦਾ ਹੈ?



ਜੈਮੀ ਰਟਲੈਂਡ ਵਾਟਰ ਦੀ ਸਕੂਲੀ ਯਾਤਰਾ 'ਤੇ ਹੈ ਅਤੇ ਉਸਨੂੰ ਐਲਰਜੀ ਵਾਲੀ ਪ੍ਰਤਿਕਿਰਿਆ ਹੋਈ ਹੈ।



ਮਾਪਿਆਂ ਨਾਲ ਸੰਪਰਕ ਨਹੀ ਕੀਤਾ ਜਾ ਸਕਦਾ ਹੈ; ਜੈਮੀ ਨੂੰ ਐਂਬੂਲੈਂਸ ਰਾਹੀ ਹਸਪਤਾਲ ਲਿਜਾਇਆ ਜਾਂਦਾ ਹੈ।

ਜੈਮੀ ਦੀ ਦਵਾਈ ਅਤੇ ਐਲਰਜੀ ਦੇ ਇਤਿਹਾਸ ਨੂੰ ਦੇਖਣ ਲਈ ਹਸਪਤਾਲ ਦਾ ਦੇਖਭਾਲ ਸਟਾਫ਼ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਤੱਕ ਪਹੁੰਚ ਕਰ ਸਕਦਾ ਹੈ।

**LLR Care Record**

ਦਵਾਈਆਂ ਅਤੇ ਐਲਰਜੀਆਂ ਦੀ ਸੂਚੀ: ਜੈਮੀ ਦੇ ਜੀਪੀ ਦੁਆਰਾ ਸਪਲਾਈ ਕੀਤੀ ਗਈ

A&E ਸਾਰ: ਹਸਪਤਾਲ ਕੇਅਰ ਸਟਾਫ਼ ਦੁਆਰਾ ਸਪਲਾਈ ਕੀਤਾ ਗਿਆ





### ਫਾਇਦਾ

ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਜੈਮੀ ਦਾ ਤੁਰੰਤ ਅਤੇ ਸੁਰੱਖਿਅਤ ਢੰਗ ਨਾਲ ਇਲਾਜ ਕਰਨ ਲਈ ਕਲੀਨਿਕਲ ਅਤੇ ਦੇਖਭਾਲ ਸਟਾਫ਼ ਨੂੰ ਐਮਰਜੈਂਸੀ ਦੇਖਭਾਲ ਪ੍ਰਦਾਨ ਕਰਨ ਦੇ ਯੋਗ ਬਣਾਉਂਦਾ ਹੈ।

## ਦ੍ਰਸ਼ਿ 2

**ਤਾਂ ਫੇਰ ਇਹ ਕਵਿੇਂ ਕੰਮ ਕਰਦਾ ਹੈ?**



ਹਰਪ੍ਰੀਤ ਡਗਿਣ ਤੋ ਬਾਅਦ ਲੈਸਟਰ ਰੌਇਲ ਇਨਫਰਮਰੀ ਵਿੱਚ ਠੀਕ ਹੋ ਰਹੀ ਹੈ।



ਹਸਪਤਾਲ ਵਿੱਚ ਉਸਦੇ ਪਛਿਲੇ ਠਹਰਿਾਓ 'ਤੇ, ਉਸਨੂੰ ਜਾਣ ਵਿੱਚ ਦੇਰੀ ਹੋ ਗਈ ਸੀ ਕਉਿਂਕਿ ਹਸਪਤਾਲ ਵਿੱਚ ਦੇਖਭਾਲ ਟੀਮ ਥੋੜ੍ਹੇ ਸਮੇਂ ਲਈ ਇਸ ਬਾਰੇ ਨਸ਼ਿਚਤਿ ਨਹੀ ਸੀ ਕਿ ਘਰ ਵਿੱਚ ਕਸਿ ਤਰ੍ਹਾਂ ਦੀ ਸਹਾਇਤਾ ਉਪਲਬਧ ਹੈ।

**ਹੁਣ, ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਕਿਾਰਡ ਦੀ ਮਦਦ ਨਾਲ, ਡਸਿਚਾਰਜ ਯੂਨਟਿ ਭਰੋਸਾ ਕਰ ਸਕਦਾ ਹੈ ਕਿ ਹਰਪ੍ਰੀਤ ਲਈ ਉਸਦੇ ਲੈਸਟਰ ਵਾਲੇ ਘਰ ਵਿੱਚ ਸਹੀ ਸਮਾਜਕਿ ਦੇਖਭਾਲ ਪੈਕੇਜ ਮੌਜੂਦ ਹੈ।**

**LLR Care Record**

ਹਸਪਤਾਲ ਤੋ ਛੁੱਟੀ ਦੀ ਚੱਠੀ: ਹਸਪਤਾਲ ਡਸਿਚਾਰਜ ਸਟਾਫ਼ ਦੁਆਰਾ ਸਪਲਾਈ ਕੀਤਾ ਗਆਿ



ਸਮਾਜਕ ਦੇਖਭਾਲ ਪੈਕੇਜ: ਸਮਾਜਕ ਦੇਖਭਾਲ ਟੀਮ ਦੁਆਰਾ ਸਪਲਾਈ ਕੀਤਾ ਗਆਿ



ਭਾਈਚਾਰਕ ਸਮਰਥਨ: ਕਮਉਿਨਟਿੀ ਨਰਸਗਿ ਦੁਆਰਾ ਸਪਲਾਈ ਕੀਤਾ ਗਆਿ



### ਫਾਇਦਾ

ਹਰਪ੍ਰੀਤ ਦੀ ਜਾਣਕਾਰੀ ਸਾਂਝੀ ਕਰਨ ਨਾਲ ਹਸਪਤਾਲ, ਕਮਉਿਨਟਿੀ ਅਤੇ ਸੋਸ਼ਲ ਕੇਅਰ ਟੀਮਾਂ ਵਧੇਰੇ ਸੂਚਤਿ ਬਣ ਸਕਦੀਆਂ ਹਨ, ਜਸਿ ਨਾਲ ਉਹ ਬਹਿਤਰ ਅਤੇ ਸੁਰੱਖਅਿਤ ਦੇਖਭਾਲ ਪ੍ਰਦਾਨ ਕਰ ਸਕਦੇ ਹਨ।

## ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਕੀ ਹੈ?

ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਇੱਕ ਸੁਰੱਖਿਅਤ ਕੰਪਿਊਟਰ ਸਿਸਟਮ ਹੈ ਜੋ ਉਹਨਾਂ ਲੋਕਾਂ ਬਾਰੇ ਮਹੱਤਵਪੂਰਨ ਜਾਣਕਾਰੀ ਇਕੱਠੀ ਕਰਦਾ ਹੈ ਜਿਨ੍ਹਾਂ ਨੇ ਆਪਣੇ ਜੀਪੀ ਦੁਆਰਾ, ਕਿਸੇ ਸਥਾਨਕ ਹਸਪਤਾਲ, ਕਮਿਊਨਿਟੀ ਸਹਿਤ-ਸੰਭਾਲ, ਸਮਾਜਿਕ ਸੇਵਾਵਾਂ ਜਾਂ ਮਾਨਸਿਕ ਸਹਿਤ ਟੀਮਾਂ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਵਰਤੋਂ ਕੀਤੀ ਹੈ। ਇਸ ਨਾਲ ਕਲੀਨਿਕਲ ਅਤੇ ਦੇਖਭਾਲ ਸਟਾਫ਼ ਵੱਖ-ਵੱਖ ਦੇਖਭਾਲ ਪ੍ਰਦਾਤਾਵਾਂ ਵਿਚ ਅਤੇ ਵੱਖ-ਵੱਖ ਪ੍ਰਣਾਲੀਆਂ ਵਿੱਚ ਅਸਲ-ਸਮੇਂ ਵਿੱਚ ਸਹਿਤ ਅਤੇ ਦੇਖਭਾਲ ਜਾਣਕਾਰੀ ਦੇਖ ਸਕਦਾ ਹੈ।

ਸਾਰੇ ਰਿਕਾਰਡ ਸਖ਼ਤੀ ਨਾਲ ਗੁਪਤ ਹੁੰਦੇ ਹਨ ਅਤੇ ਸਿਰਫ ਉਸ ਕਲੀਨਿਕਲ ਅਤੇ ਦੇਖਭਾਲ ਸਟਾਫ਼ ਦੁਆਰਾ ਹੀ ਇਹਨਾਂ ਪਹੁੰਚ ਕੀਤੀ ਜਾ ਸਕਦੀ ਹੈ ਜੋ ਕਿਸੇ ਵਿਅਕਤੀ ਦੀ ਦੇਖਭਾਲ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੁੰਦੇ ਹਨ। ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਵਿੱਚ ਕਿਸੇ ਵਿਅਕਤੀ ਬਾਰੇ ਕੁਝ ਖਾਸ ਜਾਣਕਾਰੀ ਹੁੰਦੀ ਹੈ, ਉਦਾਹਰਨ ਲਈ:

- ਪਤਾ ਅਤੇ ਟੈਲੀਫ਼ੋਨ ਨੰਬਰ
- ਅਪਾਇੰਟਮੈਂਟਾਂ
- ਦਵਾਈਆਂ - ਤਾਂ ਜੋ ਤੁਹਾਡੀ ਦੇਖਭਾਲ ਕਰਨ ਵਾਲਾ ਹਰ ਕੋਈ ਦੇਖ ਸਕੇ ਕਿ ਤੁਹਾਨੂੰ ਕਿਹੜੀਆਂ ਦਵਾਈਆਂ ਦਿੱਤੀਆਂ ਗਈਆਂ ਹਨ
- ਐਲਰਜੀਆਂ - ਇਹ ਯਕੀਨੀ ਬਣਾਉਣ ਲਈ ਕਿ ਤੁਹਾਨੂੰ ਕੋਈ ਵੀ ਅਜਿਹੀ ਦਵਾਈ ਤਜਵੀਜ਼ ਨਾ ਕੀਤੀ ਜਾਵੇ ਜਾਂ ਨਾ ਦਿੱਤੀ ਜਾਵੇ ਜਿਸ ਨਾਲ ਤੁਹਾਨੂੰ ਮਾੜੀ ਪ੍ਰਤਿਕਿਰਿਆ ਹੋ ਸਕਦੀ ਹੈ
- ਟੈਸਟ ਦੇ ਨਤੀਜੇ - ਇਲਾਜ ਅਤੇ ਦੇਖਭਾਲ ਵਿੱਚ ਤੇਜ਼ੀ ਲਿਆਉਣ ਲਈ
- ਰੈਫਰਲ, ਕਲੀਨਿਕਲ ਪੱਤਰ ਅਤੇ ਡਿਸਚਾਰਜ ਜਾਣਕਾਰੀ - ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀ ਦੇਖਭਾਲ ਕਰਨ ਵਾਲੇ ਲੋਕਾਂ ਕੋਲ ਤੁਹਾਡੇ ਦੁਆਰਾ ਕਿਤੇ ਹੋਰ ਪ੍ਰਾਪਤ ਕੀਤੀ ਜਾ ਰਹੀ ਹੋਰ ਦੇਖਭਾਲ ਅਤੇ ਇਲਾਜ ਬਾਰੇ ਉਹ ਸਾਰੀ ਜਾਣਕਾਰੀ ਹੈ ਜਿਸਦੀ ਉਹਨਾਂ ਨੂੰ ਲੋੜ ਹੈ।

## ਮੇਰਾ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਕੌਣ ਦੇਖ ਸਕਦਾ ਹੈ?

ਸਿਰਫ ਤੁਹਾਡੀ ਦੇਖਭਾਲ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਕਲੀਨਿਕਲ ਅਤੇ ਦੇਖਭਾਲ ਸਟਾਫ਼ ਹੀ ਤੁਹਾਡੇ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਨੂੰ ਦੇਖੇਗਾ। ਅਸੀ ਇਸਨੂੰ ਕਿਸੇ ਵੀ ਅਜਿਹੇ ਵਿਅਕਤੀ ਨਾਲ ਸਾਂਝਾ ਨਹੀ ਕਰਾਂਗੇ ਜੋ ਤੁਹਾਨੂੰ ਇਲਾਜ, ਦੇਖਭਾਲ ਜਾਂ ਸਹਾਇਤਾ ਪ੍ਰਦਾਨ ਨਹੀ ਕਰ ਰਿਹਾ ਹੈ। ਤੁਹਾਡੇ ਵੇਰਵਿਆਂ ਨੂੰ ਜਨਤਕ ਨਹੀ ਕੀਤਾ ਜਾਵੇਗਾ, ਜਾਂ ਅਜਿਹੇ ਕਿਸੇ ਵੀ ਵਿਅਕਤੀ ਨੂੰ ਨਹੀ ਦਿੱਤਾ ਜਾਵੇਗਾ ਜੋ ਤੁਹਾਡੀ ਦੇਖਭਾਲ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀ ਹੈ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰਾ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਸੁਰੱਖਿਅਤ ਹੈ?

ਤੁਹਾਡੀ ਜਾਣਕਾਰੀ ਨੂੰ ਪੂਰੇ ਖੇਤਰ ਵਿੱਚ ਕਲੀਨਿਕਲ ਅਤੇ ਦੇਖਭਾਲ ਪ੍ਰਣਾਲੀਆਂ ਤੋ ਸੁਰੱਖਿਅਤ ਢੰਗ ਨਾਲ ਇਕੱਠਾ ਕੀਤਾ ਜਾਂਦਾ ਹੈ ਅਤੇ ਸਿੱਧੀ ਦੇਖਭਾਲ ਦੌਰਾਨ ਵਰਤੋ ਲਈ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਵਿੱਚ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਅਤੇ ਇਹ ਗੁਪਤ ਰਹਿੰਦੀ ਹੈ।

## ਕੀ ਮੈਂ ਆਪਣੇ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਨੂੰ ਸਾਂਝਾ ਕੀਤੇ ਜਾਣ 'ਤੇ ਇਤਰਾਜ਼ ਕਰ ਸਕਦਾ/ਸਕਦੀ ਹਾਂ?

ਹਾਂ। ਤੁਹਾਨੂੰ ਆਪਣੇ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਨੂੰ ਸਾਂਝਾ ਕੀਤੇ ਜਾਣ 'ਤੇ ਇਤਰਾਜ਼ ਕਰਨ ਦਾ ਅਧਿਕਾਰ ਹੈ। ਹਾਲਾਂਕਿ, ਜੇ ਸਟਾਫ਼ ਨੂੰ ਸੁਰੱਖਿਅਤ ਵਿਅਕਤੀਗਤ ਦੇਖਭਾਲ ਪ੍ਰਦਾਨ ਕਰਨ ਲਈ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ 'ਤੇ ਸਾਂਝੀ ਕੀਤੀ ਗਈ ਜਾਣਕਾਰੀ ਤੱਕ ਪਹੁੰਚ ਕਰਨ ਦੀ ਲੋੜ ਹੁੰਦੀ ਹੈ ਤਾਂ ਉਹਨਾਂ ਨੂੰ ਕਾਨੂੰਨੀ ਤੌਰ 'ਤੇ ਪਹੁੰਚ ਦੀ ਇਜਾਜ਼ਤ ਦਿੱਤੀ ਜਾਂਦੀ ਹੈ।



## ਕੋਈ ਸਵਾਲ?

ਜੇਕਰ ਤੁਹਾਡੇ ਕੋਲ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਕੇਅਰ ਰਿਕਾਰਡ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਕਸਿ ਵੀ ਸਿਹਤ ਜਾਂ ਦੇਖਭਾਲ ਪ੍ਰੈਕਟੀਸ਼ਨਰ ਨਾਲ ਸੰਪਰਕ ਕਰੋ ਜੋ ਤੁਹਾਡੀ ਪੁੱਛ-ਗਛਿ ਨੂੰ ਆਪਣੇ ਸੰਗਠਨ ਦੇ ਸੂਚਨਾ ਪ੍ਰਸ਼ਾਸਨ ਵਿਭਾਗ ਨੂੰ ਭੇਜ ਸਕਦਾ ਹੈ।

## ਹੋਰ ਜਾਣਕਾਰੀ

ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਲੈਸਟਰ ਸਟਿੀ CCG ਦੀ ਵੈੱਬਸਾਈਟ ਵੇਖੋ:
**www.leicesterleicestershireandrutland.icb.nhs.uk/your-care-record/**

LLR ਕੇਅਰ ਰਿਕਾਰਡ ਪ੍ਰੋਗਰਾਮ ਟੀਮ ਨਾਲ ਸੰਪਰਕ ਕਰਨ ਲਈ, ਕਿਰਪਾ ਕਰਕੇ ਈਮੇਲ ਕਰੋ:
✉ **lpt.llrcarerecord@nhs.net**



**Scan for further information**